City of Mississauga
300 City Centre Drive
Mississauga, ON L5B 3C1

MISSISSAUGA

# News Release

mississauga.ca facebook.com/citymississauga x.com/citymississauga

## ਚੋਣਾਂ ਵਾਲੇ ਦਿਨ ਲਾਈਨਾਂ ਵਿੱਚ ਲੱਗਣ ਤੋਂ ਬਚੋ। ਐਡਵਾਂਸ ਪੋਲਸ ਵਿੱਚ ਵੋਟ ਪਾਓ।

ਵੋਟਰ 6 ਤੋਂ 11 ਅਕਤੂਬਰ ਤੱਕ ਹੋਣ ਵਾਲੀ ਐਡਵਾਂਸ ਵੋਟਿੰਗ ਰਾਹੀਂ Mississauga ਦੀਆਂ 2026 ਦੀਆਂ ਮਿਉਨਿਸਿਪਲ ਚੋਣਾਂ (2026 Municipal Election) ਵਿੱਚ ਪਹਿਲਾਂ ਹੀ ਵੋਟ ਪਾ ਸਕਦੇ ਹਨ।

17 ਸਤੰਬਰ, 2026

Mississauga ਸ਼ਹਿਰ ਯੋਗ ਵੋਟਰਾਂ ਨੂੰ ਚੋਣਾਂ ਵਾਲੇ ਦਿਨ (Election Day), ਸੋਮਵਾਰ, 26 ਅਕਤੂਬਰ ਤੋਂ ਪਹਿਲਾਂ ਐਡਵਾਂਸ ਵੋਟਿੰਗ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕਰਦਾ ਹੈ। ਐਡਵਾਂਸ ਵੋਟਿੰਗ, ਵੋਟਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਆਪਣਾ ਵੋਟ ਪਾਉਣ ਲਈ ਵਧੇਰੇ ਦਿਨ ਅਤੇ ਵਧੇਰੇ ਸਥਾਨ ਪ੍ਰਦਾਨ ਕਰਦੀ ਹੈ। ਇਹ ਉਹੀ ਵੋਟਿੰਗ ਪ੍ਰਕਿਰਿਆ ਹੈ, ਜੋ ਪਹਿਲਾਂ ਪੇਸ਼ ਕੀਤੀ ਜਾਂਦੀ ਹੈ, ਤਾਂ ਜੋ ਤੁਸੀਂ ਆਪਣੇ ਲਈ ਸਭ ਤੋਂ ਸਹੀ ਸਮਾਂ ਚੁਣ ਸਕੋ।

ਐਡਵਾਂਸ ਵੋਟਿੰਗ, ਵੋਟ ਪਾਉਣ ਨੂੰ ਅਸਾਨ ਬਣਾਉਣ ਵਿੱਚ ਮਦਦ ਕਰਦੀ ਹੈ, ਲਾਈਨਾਂ ਘੱਟ ਲੱਗਦੀਆਂ ਹਨ ਅਤੇ ਵੋਟਰਾਂ ਨੂੰ ਆਪਣੀ ਸਹੂਲਤ ਮੁਤਾਬਕ ਵੋਟ ਪਾਉਣ ਦੀ ਆਜ਼ਾਦੀ ਮਿਲਦੀ ਹੈ। ਜੇਕਰ 26 ਅਕਤੂਬਰ ਨੂੰ ਤੁਹਾਡੇ ਕੋਲ ਕੰਮ, ਸਕੂਲ, ਦੇਖਭਾਲ ਦੀਆਂ ਜ਼ਿੰਮੇਵਾਰੀਆਂ, ਯਾਤਰਾ ਦੀਆਂ ਯੋਜਨਾਵਾਂ ਜਾਂ ਹੋਰ ਕੰਮ ਹਨ, ਤਾਂ ਐਡਵਾਂਸ ਵੋਟਿੰਗ ਨਾਲ ਤੁਹਾਨੂੰ ਇੱਕ ਯੋਜਨਾ ਬਣਾਉਣ ਅਤੇ ਆਪਣੀ ਅਵਾਜ਼ ਬੁਲੰਦ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਮੰਗਲਵਾਰ, 6 ਅਕਤੂਬਰ ਤੋਂ ਐਤਵਾਰ, 11 ਅਕਤੂਬਰ ਤੱਕ ਐਡਵਾਂਸ ਵਿੱਚ ਵੋਟ ਪਾਓ। ਐਡਵਾਂਸ ਵੋਟਿੰਗ 6 ਅਤੇ 7 ਅਕਤੂਬਰ ਨੂੰ Mississauga ਸਿਟੀ ਹਾਲ (300 ਸਿਟੀ ਸੈਂਟਰ ਡ੍ਰਾਈਵ) (City Hall) (300 City Centre Dr.) ਵਿਖੇ ਉਪਲਬਧ ਹੋਵੇਗੀ। 8 ਤੋਂ 11 ਅਕਤੂਬਰ ਤੱਕ, ਸ਼ਹਿਰ ਭਰ ਵਿੱਚ ਸਥਾਨ ਖੁੱਲ੍ਹੇ ਰਹਿਣਗੇ, ਅਤੇ ਤੁਸੀਂ ਕਿਸੇ ਵੀ ਐਡਵਾਂਸ ਵੋਟਿੰਗ ਸਥਾਨ ਵਿਖੇ ਵੋਟ ਪਾ (vote at any advance voting location) ਸਕਦੇ ਹੋ।

ਚੋਣਾਂ ਵਾਲੇ ਦਿਨ, ਯੋਗ ਵੋਟਰ ਉਸ ਵਾਰਡ ਵਿਚਲੇ ਵੋਟਿੰਗ ਸਥਾਨ ਵਿਖੇ ਵੋਟ ਪਾ ਸਕਦੇ ਹਨ ਜਿੱਥੇ ਉਹ ਰਹਿੰਦੇ ਹਨ ਜਾਂ ਜਿੱਥੇ ਉਨ੍ਹਾਂ ਦੀ ਪ੍ਰਾਪਰਟੀ ਹੈ (vote at a voting location in the ward in which they live or have property)। ਤੁਸੀਂ ਮੇਅਰ, ਵਾਰਡ/ਰੀਜਨਲ ਕੌਂਸਲਰ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਕਰੋਗੇ। ਆਪਣਾ ਵੋਟਰ ਸੂਚਨਾ ਕਾਰਡ (ਜੇਕਰ ਤੁਹਾਨੂੰ ਮਿਲਿਆ ਹੋਵੇ) ਅਤੇ ਇੱਕ ਸਵੀਕਾਰਯੋਗ ਪਛਾਣ ਪੱਤਰ ਲਿਆਓ।

### ਵੋਟ ਪਾਉਣ ਤੋਂ ਪਹਿਲਾਂ

City of Mississauga
300 City Centre Drive
Mississauga, ON L5B 3C1



ਵੋਟ ਪਾਉਣ ਤੋਂ ਪਹਿਲਾਂ, ਥੋੜ੍ਹਾ ਸਮਾਂ ਕੱਢ ਕੇ ਇਹ ਯਕੀਨੀ ਬਣਾਓ ਕਿ ਤੁਸੀਂ ਵੋਟ ਪਾਉਣ ਦੇ ਯੋਗ ਹੋ, ਤੁਹਾਡੀ ਵੋਟਰ ਜਾਣਕਾਰੀ ਸਹੀ ਹੈ ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣਾ ਬੈਲਟ ਕਿੱਥੇ ਪਾ ਸਕਦੇ ਹੋ। ਇਸ ਨਾਲ ਵੋਟਿੰਗ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਚੋਣ ਸਟਾਫ਼ ਨੂੰ ਤੁਹਾਨੂੰ ਸਹੀ ਬੈਲਟ ਦੇਣ ਵਿੱਚ ਮਦਦ ਮਿਲਦੀ ਹੈ।

- ਦੇਖੋ ਕਿ ਕੀ ਤੁਸੀਂ Mississauga ਦੀ 2026 ਦੀ ਮਿਉਨਿਸਿਪਲ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ (eligible to vote in Mississauga's 2026 Municipal Election) ਹੋ।
- ਵੋਟਰ ਰਜਿਸਟ੍ਰੇਸ਼ਨ ਪੋਰਟਲ (Voter Registration Portal) ਵਿੱਚ ਆਪਣੇ ਨਾਮ, ਪਤੇ ਅਤੇ ਸਕੂਲ ਸਹਾਇਤਾ ਜਾਣਕਾਰੀ ਦੀ ਪੁਸ਼ਟੀ ਕਰੋ ਜਾਂ ਇਸਨੂੰ ਅੱਪਡੇਟ ਕਰੋ।
- ਉਮੀਦਵਾਰਾਂ ਦੀ ਪ੍ਰਮਾਣਿਤ ਸੂਚੀ (certified list of candidates) ਦੀ ਸਮੀਖਿਆ ਕਰੋ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਮੇਅਰ, ਵਾਰਡ/ਰੀਜਨਲ ਕੌਂਸਲਰ ਅਤੇ ਸਕੂਲ ਬੋਰਡ ਟਰੱਸਟੀ ਲਈ ਕੌਣ ਚੋਣ ਲੜ ਰਿਹਾ ਹੈ।
- ਦੇਖੋ ਕਿ ਤੁਸੀਂ ਐਡਵਾਂਸ ਵੋਟਿੰਗ ਜਾਂ ਚੋਣਾਂ ਵਾਲੇ ਦਿਨ ਕਿੱਥੇ ਵੋਟ ਪਾ ਸਕਦੇ ਹੋ (Check where you can vote)।

## ਵੋਟ ਪਾਉਣ ਦੇ ਤਰੀਕੇ

### ਖੁਦ ਜਾ ਕੇ ਵੋਟ ਪਾਓ

ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ ਐਡਵਾਂਸ ਵੋਟਿੰਗ ਜਾਂ ਚੋਣਾਂ ਵਾਲੇ ਦਿਨ ਖੁਦ ਜਾ ਕੇ ਵੋਟ ਪਾ ਸਕਦੇ ਹੋ। ਐਡਵਾਂਸ ਵੋਟਿੰਗ ਦੌਰਾਨ, ਤੁਸੀਂ Mississauga ਵਿੱਚ ਕਿਸੇ ਵੀ ਐਡਵਾਂਸ ਵੋਟਿੰਗ ਸਥਾਨ ਵਿਖੇ ਵੋਟ ਪਾ ਸਕਦੇ ਹੋ। ਚੋਣਾਂ ਵਾਲੇ ਦਿਨ, ਤੁਸੀਂ ਆਪਣੇ ਵਾਰਡ ਦੇ ਅੰਦਰ ਕਿਸੇ ਵੀ ਵੋਟਿੰਗ ਸਥਾਨ ਵਿਖੇ ਵੋਟ ਪਾ ਸਕਦੇ ਹੋ।

ਵੋਟਿੰਗ ਨੂੰ ਆਸਾਨ ਬਣਾਉਣ ਲਈ, ਵੋਟ ਪਾਉਣ ਜਾਣ ਤੋਂ ਪਹਿਲਾਂ ਇਹ ਪੁਸ਼ਟੀ ਕਰੋ ਕਿ ਤੁਸੀਂ ਵੋਟਰ ਸੂਚੀ ਵਿੱਚ ਹੋ। ਜੇਕਰ ਤੁਹਾਨੂੰ ਵੋਟਰ ਸੂਚਨਾ ਕਾਰਡ ਮਿਲਿਆ ਹੈ, ਤਾਂ ਇਸਨੂੰ ਆਪਣੇ ਨਾਲ ਲਿਆਓ। ਵੋਟ ਪਾਉਣ ਲਈ ਕਾਰਡ ਦੀ ਲੋੜ ਨਹੀਂ ਹੈ, ਪਰ ਇਹ ਤੁਹਾਡੀ ਵੋਟਿੰਗ ਜਾਣਕਾਰੀ ਦਰਸਾਉਂਦਾ ਹੈ ਅਤੇ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਕਰ ਸਕਦਾ ਹੈ।

ਤੁਹਾਨੂੰ ਪਛਾਣ ਦਾ ਇੱਕ ਸਵੀਕਾਰਯੋਗ ਸਬੂਤ ਲਿਆਉਣਾ ਲਾਜ਼ਮੀ ਹੈ, ਜਿਸ 'ਤੇ ਤੁਹਾਡਾ ਨਾਮ ਅਤੇ Mississauga ਦਾ ਯੋਗ ਪਤਾ ਦਰਸਾਇਆ ਗਿਆ ਹੋਵੇ, ਜਿਵੇਂ ਕਿ:

- ਇੱਕ ਵੈਧ ਓਨਟੈਰੀਓ ਡ੍ਰਾਈਵਰ ਲਾਇਸੈਂਸ
- ਓਨਟੈਰੀਓ ਫੋਟੋ ਕਾਰਡ
- ਰੱਦ ਕੀਤਾ ਨਿੱਜੀ ਚੈੱਕ
- ਇੰਸ਼ੋਰੈਂਸ ਪਾਲਸੀ ਜਾਂ ਸਟੇਟਮੈਂਟ

- ਓਨਟੈਰੀਓ ਦੀ ਸਵੀਕਾਰਯੋਗ ਵੋਟਰ ਪਛਾਣ ਸੂਚੀ (Ontario’s acceptable voter identification list) ਵਿੱਚ ਦਰਜ਼ ਹੋਰ ਕੋਈ ਵੀ ਦਸਤਾਵੇਜ਼।

## ਵੋਟ ਫ੍ਰੌਮ ਫ੍ਰੰਟ ਡੋਰ ਪਾਇਲਟ ਪ੍ਰੋਗਰਾਮ

ਸ਼ਹਿਰ, 2026 ਦੀਆਂ ਮਿਊਨਿਸਿਪਲ ਚੋਣਾਂ ਲਈ ਵੋਟ ਫ੍ਰੌਮ ਫ੍ਰੰਟ ਡੋਰ (Vote from Front Door) ਵਿਕਲਪ ਦੀ ਪੇਸ਼ਕਸ਼ ਕਰ ਰਿਹਾ ਹੈ। ਹਿੱਸਾ ਲੈਣ ਲਈ ਤੁਹਾਡਾ ਯੋਗ ਵੋਟਰ (eligible voter) ਹੋਣਾ ਲਾਜ਼ਮੀ ਹੈ। ਉਪਲਬਧਤਾ ਸੀਮਤ ਹੈ।

ਇਹ ਪਾਇਲਟ ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ ਜੋ ਬੀਮਾਰੀ, ਸੱਟ ਕਾਰਨ ਜਾਂ ਜ਼ਿਆਦਾ ਤੁਰ-ਫਿਰ ਨਾ ਸਕਣ ਕਾਰਨ ਆਪਣੇ ਘਰਾਂ ਤੋਂ ਬਾਹਰ ਨਹੀਂ ਜਾ ਸਕਦੇ, ਅਤੇ ਉਹਨਾਂ ਕੋਲ ਆਪਣੀ ਤਰਫੋਂ ਵੋਟ ਪਾਉਣ ਲਈ ਪ੍ਰੌਕਸੀ ਦਾ ਪ੍ਰਬੰਧ ਨਹੀਂ ਹੈ।

## ਵੋਟਿੰਗ ਕਿਉਂ ਮਾਇਨੇ ਰੱਖਦੀ ਹੈ

ਵੋਟਿੰਗ ਇਹ ਯਕੀਨੀ ਬਣਾਉਣ ਦਾ ਸਿੱਧਾ ਤਰੀਕਾ ਹੈ ਕਿ Mississauga ਕਿਵੇਂ ਵਧੇ-ਫੁੱਲੇ, ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਣ ਅਤੇ ਤੁਹਾਡੇ ਭਾਈਚਾਰੇ ਦੀ ਨੁਮਾਇੰਦਗੀ ਕੌਣ ਕਰੇ। ਤੁਹਾਡੀ ਵੋਟ ਤੁਹਾਡੇ ਰੋਜ਼ਾਨਾ ਜੀਵਨ ਬਾਰੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ, ਜਿਸ ਵਿੱਚ ਸੜਕਾਂ, ਪਾਰਕਾਂ, ਆਵਾਜਾਈ, ਭਾਈਚਾਰਕ ਪ੍ਰੋਗਰਾਮਾਂ ਅਤੇ ਹੋਰ ਲੋਕਲ ਸੇਵਾਵਾਂ ਬਾਰੇ ਫੈਸਲੇ ਸ਼ਾਮਲ ਹਨ।

## ਹੋਰ ਜਾਣਕਾਰੀ

2026 Mississauga ਮਿਊਨਿਸਿਪਲ ਚੋਣਾਂ ਬਾਰੇ ਹੋਰ ਜਾਣਕਾਰੀ ਲਈ, ਜਿਸ ਵਿੱਚ ਇਹ ਸ਼ਾਮਲ ਹੈ ਕਿ ਕੌਣ ਵੋਟ ਪਾ ਸਕਦਾ ਹੈ, ਵੋਟਰ ਸੂਚੀ ਕਿਵੇਂ ਜਾਂਚਣੀ ਹੈ, ਵੋਟ ਕਿੱਥੇ ਪਾਉਣੀ ਹੈ ਅਤੇ ਕਿਹੜਾ ਪਛਾਣ ਪੱਤਰ ਲਿਆਉਣਾ ਹੈ, ਤੁਸੀਂ:

- ਚੋਣਾਂ ਸਬੰਧੀ ਅਪਡੇਟ, ਵੋਟਰ ਜਾਣਕਾਰੀ, ਐਡਵਾਂਸ ਵੋਟਿੰਗ ਦੀਆਂ ਤਾਰੀਖਾਂ ਅਤੇ ਸਥਾਨਾਂ, ਉਮੀਦਵਾਰਾਂ ਦੀ ਜਾਣਕਾਰੀ ਅਤੇ ਨਤੀਜਿਆਂ ਲਈ, mississauga.ca/election ’ਤੇ ਜਾਓ।
- ਜੇਕਰ ਵੋਟਿੰਗ, ਯੋਗਤਾ, ਤੁਹਾਡੀ ਵੋਟਰ ਜਾਣਕਾਰੀ ਬਾਰੇ ਜਾਂ ਕਿੱਥੇ ਵੋਟ ਪਾਉਣਾ ਹੈ, ਇਸ ਬਾਰੇ ਸਵਾਲ ਹਨ, ਤਾਂ 905-615-VOTE (8683) 'ਤੇ ਕਾਲ ਕਰੋ।
- ਜੇਕਰ ਤੁਹਾਨੂੰ ਸ਼ਹਿਰ ਦੀ ਜਾਣਕਾਰੀ ਲੱਭਣ ਜਾਂ ਸਹੀ ਸਰਵਿਸ ਏਰੀਆ ਨਾਲ ਜੁੜਨ ਵਿੱਚ ਮਦਦ ਦੀ ਲੋੜ ਹੈ, ਤਾਂ 311 ਕਸਟਮਰ ਸਰਵਿਸ ਔਨਲਾਈਨ ਨਾਲ ਸੰਪਰਕ ਕਰੋ।

-30-

## ਮੀਡੀਆ ਸੰਪਰਕ:

Mississauga ਸ਼ਹਿਰ ਮੀਡੀਆ ਰਿਲੇਸ਼ਨਸ

media@mississauga.ca
905-615-3200, ਐਕਸਟੈਨਸ਼ਨ 5232
TTY: 905-896-5151